SIGMA SIGMA INDUSTRIAL CONTROL

Sigma Industrial Control,
New Model Town,G.T.Road
Sahnewal,Ludhiana, Pb (IND)
Pin 141120 Mob:+91 98142-45986
Ph: 0161-6535286,+9198554-45986
Email - sigmacontrols@yahoo.com
Website: www.sigmaic.com

## APFC

# FREQUENTLY ASKED QUESTIONS

### Automatic Power Factor Correction Relays




UCX615




CMX815

ਪ੍ਰ ਕਪੈਸਿਟਰ ਬੈਂਕ ਕਦੋਂ ਲਗਦੇ ਹਨ ?

ਉ ਕਪੈਸਿਟਰ ਬੈਂਕ ਉਸ ਵਕਤ ON ਹੁਦੇ ਹਨ ਜਦੋ "ਲੈਗ" ਦੀ 'LED' (ਬੱਤੀ) ਜਲਦੀ ਹੋਵੇ ਅਤੇ ਨਾਲ ਹੀ 'PF_OK' ਦੀ ਬੱਤੀ (LED) ਬੁਝੀ ਹੋਵੇ । ਪਰ ਜੇ ਬੈਂਕ ਔਨ ਹੋਣ ਤੋ ਪਹਿਲਾਂ ਹੀ ਇੱਕ ਵਾਰ ਵੀ "ਲੈਗ" 'LAG' (LED) ਬੰਦ ਹੋ ਜਾਵੇ ਅਤੇ "ਲੀਡ" 'LEAD' (LED) ਜਾਂ 'PF_OK' LED ਜਗ ਜਾਵੇ ਤਾਂ ਬੈਂਕ ਨਹੀ ਲਗਣਗੇ ਅਤੇ ਟਾਈਮਰ ਫਿਰ ਦੁਆਰਾ ਸੁਰੂ ਹੋ ਜਾਏਗਾ ।

ਪ੍ਰ ਕਪੈਸਿਟਰ ਬੈਂਕ ਆਫ ਜਾਂ ਬੰਦ ਕਦੋ ਹੁੰਦੇ ਹਨ ?

ਉ i ਕਪੈਸਿਟਰ ਬੈਂਕ ਤੱਦ 'OFF' ਜਾਂ ਬੰਦ ਹੁੰਦੇ ਹਨ ਜਦ 'LEAD' ਦੀ ਬੱਤੀ ਜਗਦੀ ਹੋਵੇ ਅਤੇ ਨਾਲ ਦੀ 'PF_OK' ਦੀ ਬੱਤੀ ਬੁਝੀ ਹੋਵੇ । ਪਰ ਜੇਕਰ ਕਪੈਸਿਟਰ ਬੈਂਕ ਲੱਗਣ ਤੋਂ ਪਹਿਲਾਂ 'LEAD' ਦੀ ਬੱਤੀ (LED) ਬੰਦ ਹੋ ਜਾਵੇ ਅਤੇ "ਲੀਡ" 'LAG' (LED) ਜਾਂ 'PF_OK' LED ਜਗ ਜਾਵੇ ਤਾਂ ਬੈਂਕ ਨਹੀ ਉਤਰਣਗੇ ਅਤੇ ਟਾਈਮਰ ਫਿਰ ਦੁਆਰਾ ਸੁਰੂ ਹੋ ਜਾਏਗਾ ।

ii ਲੱਗਣ ਅਤੇ ਲਹਿਣ ਦੀ ਪ੍ਰਕਿਰਿਆ ਸੈਟ ਟਾਈਮ ਤੋਂ ਬਾਦ ਸੁਰੂ ਹੁੰਦੀ ਹੈ ਪਰ ਜੇ ਸੈਟ ਟਾਈਮ ਦੇ ਖ਼ਤਮ ਹੋਣ ਤੋਂ ਪਹਿਲਾਂ ਹੀ 'LAG/LEAD' (ਲੈਗ/ਲੀਡ) 'LED' ਜਾਂ 'PF_OK' LED ਇੱਕ ਵਾਰ ਵੀ ਜੱਗ/ਬੁੱਝ ਜਾਵੇ ਤਾਂ ਟਾਈਮਰ ਦੁਬਾਰਾ ਰੀਸੇਟ ਹੋ ਜਾਵੇਗਾ ਅਤੇ ਬੈਂਕ ਨਹੀ ਲਗਣਗੇ/ਉਤਰਣਗੇ । ਮਤਲਬ ਕਿਸੇ ਵੀ ਕ੍ਰਿਯਾ ਨੂੰ ਸੈਟ ਟਾਈਮ ਲਈ ਚੈਕ ਕੀਤਾਂ ਜਾਦਾਂ ਹੈ ਅਤੇ ਫਿਰ ਜਰੂਰਤ ਅਨੁਸਾਰ ਰਿਲੇਅ ਬੈਂਕ ਲਾਉਦੀ/ਉਤਾਰਦੀ ਹੈ ।

iii ਜਦੋ ਕਦੇ ਵੀ 'PF_OK' ਜਗਦਾ ਹੋਵੇ ਤਾਂ ਇਸ ਦਾ ਮਤਲਬ ਹੈ ਕਿ ਤੁਹਾਡੇ ਦੁਆਰਾ ਸੈਟ ਕੀਤਾ ਹੋਇਆ 'ਪਾਵਰ-ਫੈਕਟਰ-'PF' ਪ੍ਰਾਪਤ ਹੋ ਚੁੱਕਾ ਹੈ । ਇਸ ਸਥਿਤੀ ਵਿੱਚ ਨਾ ਤਾ ਰਿਲੇਅ ਕਪੈਸਿਟਰ ਬੈਂਕ ਔਨ ਕਰੇਗੀ ਨਾ ਹੀ ਆਫ । ਤੁਹਾਡੇ ਦੁਆਰਾ ਲੜੀਦਾ ਪਾਵਰ-ਫੈਕਟਰ-PF ਜਦ ਤੱਕ ਰਹੇਗਾ ਤੱਦ ਤੱਕ ਰਿਲੇਅ ਹੋਰ ਕੋਈ ਐਕਸ਼ਨ ਨਹੀ ਲਏਗੀ ।

ਪ੍ਰ ਕਪੈਸਿਟਰ ਬੈਂਕ ਆਨ ਕਿਉ ਨਹੀ ਹੋ ਰਹੇ ?

ਉ ਕਪੈਸਿਟਰ ਨਾ ਲੱਗਣ ਜਾਂ ਔਨ ਨਾਂ ਹੋਣ ਦੇ ਹੇਠ ਲਿੱਖੇ ਕਈ ਕਾਰਣ ਹੋ ਸਕਦੇ ਹਨ ।

(i) 'LAG' LED ਬੰਦ ਹੋਵੇ ਅਤੇ 'LEAD' LED ਜਗਦਾ ਹੋਵੇ, ਇਹ ਹੇਠ ਲਿਖੇ ਕਾਰਨਾਂ ਕਰਕੇ ਹੋ ਸਕਦਾ ਹੈ ।

ਤੁਹਾਡੇ CT ਦੇ ਕਨੈਕਸ਼ਨ ਉਲਟੇ ਹਨ, ਇਸ ਨੂੰ ਬਦਲ ਕੇ ਦੇਖੋ ।

(ii) 'LAG' LED ਜਗਦਾ ਹੈ ਅਤੇ 'LEAD' LED ਬੰਦ ਹੈ ਪਰ 'PF_OK' LED ਜਗਦਾ ਹੈ ।

ਇਹ ਇਸ ਕਰਕੇ ਹੋ ਸਕਦਾ ਹੈ ਕਿ ਤੁਹਾਡੇ ਲੋਡ ਦਾ ਪਾਵਰ ਫੈਕਟਰ ਪਹਿਲਾਂ ਤੋ ਹੀ ਠੀਕ ਹੋਵੇ ਅਤੇ ਰਿਲੇਅ ਪਹਿਲਾਂ ਤੋ ਹੀ ਸੇਟ ਕੀਤਾ ਗਿਆ ਪਾਵਰ ਫੇਕਟਰ ਦੱਸਦੀ ਹੋਵੇ । ਇਹ ਉਥੇ ਹੁੰਦਾ ਹੈ ਜਿਥੇ ਲੋਡ ਵਿੱਚ ਜ਼ਿਆਦਾ ਹੀਟਰ ਲਗੇ ਹੋਣ ।

ਕਈ ਵਾਰ CT ਦੇ ਕਨੈਕਸ਼ਨ ਟੁੱਟੇ ਹੁੰਦੇ ਹਨ ਜਾਂ CT ਖਰਾਬ ਹੁੰਦਾ ਹੈ । ਕਈ ਵਾਰ ਮਾੜੀ ਕੁਆਲਟੀ ਦੇ CT ਕਾਰਣ ਵੀ ਰਿਲੇਅ ਦੇ ਕੰਮ ਵਿੱਚ ਪਰੇਸ਼ਾਨੀ ਆਉਦੀ ਹੈ । ਇਨਾਂ ਨੂੰ ਠੀਕ ਕਰਣ ਲਈ ਵਧੀਆ ਕੁਆਲਟੀ ਦਾ CT ਹੀ ਵਰਤੋ ।

Note CT ਹਮੇਸ਼ਾ ਵਧੀਆਂ ਕੰਪਨੀ ਦਾ ਹੀ ਵਰਤੋਂ ਕਿਉਕਿ ਰਿਲੇਅ ਦੀ ਕਾਰਗੁਜਾਰੀ CT ਤੇ ਨਿਰਭਰ ਕਰਦੀ ਹੈ । ਜੇਕਰ CT ਵਿੱਚ ਖਰਾਬੀ ਹੋਵੇ ਤਾਂ ਕੋਈ ਵੀ ਰਿਲੇਅ ਪਾਵਰ ਫੈਕਟਰ ਠੀਕ ਨਹੀ ਕਰ ਸਕਦੀ ।

ਪ੍ਰ CT ਚੈਕ/ਬਦਲ ਕੇ ਦੇਖਣ ਅਤੇ ਕਨੇਕਸ਼ਨ ਚੰਗੀ ਤਰਾਂ ਚੈਕ ਕਰਣ ਤੋ ਬਾਅਦ ਵੀ ਕਪੈਸਿਟਰ ਬੈਂਕ ਚਾਲੂ ਨਹੀ ਹੋ ਰਹੇ ?

ਉ ਕਈ ਵਾਰ ਸਭ ਕੁਝ ਠੀਕ ਹੋਣ ਤੋ ਬਾਦ ਵੀ ਕਪੈਸਿਟਰ ਬੈਂਕ ਚਾਲੂ ਨਹੀ ਹੁੰਦੇ ਤਾਂ ਇਸ ਕੇਸ ਵਿੱਚ ਜਾ ਤਾਂ ਪਾਵਰ ਫੈਕਟਰ ਪਹਿਲਾਂ ਤੋ ਹੀ ਠੀਕ ਹੁੰਦਾ ਹੈ ਜਾ ਫੈਕਟਰੀ ਅੰਦਰ ਕੋਈ ਕਪੈਸਿਟਰ 'ਡਾਇਰੈਕਟ' ('DIRECT') ਹੀ ਲਗਾ ਹੁੰਦਾ ਹੈ, ਜਿਸ ਦੀ ਜਾਨਕਾਰੀ ਸਾਨੂੰ ਨਹੀ ਹੁੰਦੀ ।

ਇਸ ਦਾ ਦੁਸਰਾ ਅਤੇ ਜਿਆਦਾਤਰ ਪਾਇਆ ਜਾਣ ਵਾਲਾ ਕਾਰਣ ਇਹ ਹੈ ਕਿ CT ਭੁਲੇਖੇ ਨਾਲ ਗਲਤ ਫੇਸ/ਤਾਰ ਵਿੱਚ ਪਾਇਆ ਹੁੰਦਾ ਹੈ ਜਿਸ ਕਾਰਣ ਪਾਵਰ ਠੀਕ ਦਿਖਾਈ ਦਿੰਦਾ ਹੈ ਜਾ ਹਮੇਸ਼ਾ 'LEAD' ਰਹਿੰਦਾ ਹੈ ।

ਪ੍ਰ ਪਾਵਰ ਫੈਕਟਰ ਰਿਲੇਅ ਸਭ ਠੀਕ ਦੱਸਦੀ ਹੈ ਪਰ ਬਿਜਲੀ ਬੋਰਡ ਦੇ ਮੀਟਰ ਤੇ ਪਾਵਰ ਫੈਕਟਰ ਘੱਟ ਆਉਦਾਂ ਹੈ, ਕਿਉ ।

ਉ ਅਜਿਹਾ ਦੋ ਕੇਸ ਵਿੱਚ ਹੋ ਸਕਦਾ ਹੈ
(i) ਜਦੋ CT ਗਲਤ ਫੇਸ/ਤਾਰ ਵਿੱਚ ਪਾਇਆ ਹੋਵੇ ।
(ii) ਜਦੋ ਲੋਡ ਘੱਟ ਹੋਵੇ ਅਤੇ ਸਰਕਾਰੀ ਮੀਟਰ 11KV ਤੇ ਲੱਗਿਆ ਹੋਵੇ ਅਤੇ ਪਾਵਰ ਫੇਕਟਰ ਪੈਨਲ 'LT' ਤੇ (440V) ਤੇ ਲੱਗਿਆ ਹੋਵੇ ।
ਇਸ ਨੂੰ ਠੀਕ ਕਰਨ ਲਈ ਹੇਠ ਲਿਖੇ ਤਰੀਕੇ ਦੀ ਵਰਤੋ ਕੀਤੀ ਜਾਂਦੀ ਹੈ ।
ਟਰਾਸਫਾਰਮਰ ਦੀ ਲੋੜ ਅਨੁਸਾਰ ਸਿੱਧਾ (DIRECT) ਕਪੈਸਟਰ ਲਾਇਆ ਜਾਵੇ ਪਰ ਇਹ ਤਰੀਕਾ ਪੂਰੀ ਤਰਾਂ ਕਾਮਯਾਬ ਨਹੀਂ ਹੈ ਕਿਉਕਿ ਕਪੈਸਿਟਰ ਦੀ ਸ਼ਕਤੀ 'ਵੋਲਟੇਜ' ਵੱਧਣ ਨਾਲ ਗੁਣਾਕ 'ਦੋ' ਨਾਲ ਵੱਧਦੀ ਹੈ ।

ਮੱਤਲਬ ਜੇ ਵੋਲਟੇਜ ਦੁਗਣੀ ਹੋ ਜਾਵੇ ਤਾਂ 'KVAR' ਚਾਰ ਗੁਣਾ ਹੋ ਜਾਂਦਾ ਹੈ। ਕਿਉਕਿ ਭਾਰਤੀ ਸਿਸਟਮ ਵਿੱਚ ਵੋਲਟੇਜ 350-470 ਵੋਲਟ ਤੱਕ ਵੱਧਦੀ-ਘੱਟਦੀ ਰਹਿੰਦੀ ਹੈ, ਇਸ ਲਈ ਕਪੈਸਟਰਾਂ ਦੀ KVAR ਵੀ ਕਾਫੀ ਵੱਧਦੀ-ਘੱਟਦੀ ਰਹਿੰਦੀ ਹੈ।

ਇੱਕ ਵੱਧੀਆ ਤਰੀਕਾ ਇਹ ਹੈ ਕਿ SIGMA ਪਾਵਰ ਫੈਕਟਰ ਰਿਲੇਅ UCX615 ਹੀ ਵਰਤੋ, ਜਿਸ ਵਿੱਚ ਇਹ ਖੁਬੀ ਹੈ ਕਿ ਇਹ KVAR ਮੋਡ ਵਿੱਚ ਵੀ ਚੱਲ ਸਕਦੀ ਹੈ ਅਤੇ ਇਸ ਵਿੱਚ ਤੁਸੀ ਆਪਣੀ ਲੋੜ ਮੁਤਾਬਕ ਟਰਾਂਸਫਾਰਮਰ ਤੇ ਕਿੰਨਾ KVAR ਲਾਉਣਾ ਹੈ ਸੇਟ/ਫੀਡ ਕਰ ਸਕਦੇ ਹੋ। ਇਸ ਤਰੀਕੇ ਨਾਲ ਇਹ ਹਮੇਸ਼ਾ ਟਰਾਂਸਫਾਰਮਰ ਵਾਸਤੇ ਕਪੈਸਿਟਰ ਔਨ ਹੀ ਰੱਖਦੀ ਹੈ ਚਾਹੇ ਲੋਡ ਚਲੇ ਜਾ ਨਾ ਚੱਲੇ।

ਪ੍ਰ ਪਾਵਰ ਫੈਕਟਰ ਬੈਂਕ ਲੱਗਣ ਦੀਆ ਸਾਰੀਆ LED ਆਨ ਕਰ ਦਿੰਦੀ ਹੈ ਪਰ ਅਸਲ ਵਿੱਚ ਕੋਈ ਬੈਂਕ ਆਨ ਨਹੀ ਹੁੰਦਾ ?

ਉ ਪਾਵਰ ਫੈਕਟਰ ਰਿਲੇਅ ਦੇ ਪਿਛੇ ਬਣੀ ਕੁਨੇਕਸ਼ਨ ਡਾਈਗ੍ਰਾਮ ਨੂੰ ਚੰਗੀ ਤਰਾਂ ਦੇਖੋ : ਹਰ ਚਾਰ ਬੈਂਕ ਨਾਲ ਇੱਕ ਪੁਆਇੰਟ 'COM' ਲਿਖਿਆ ਹੁੰਦਾ ਹੈ। ਜੇਕਰ ਉਸ ਨੂੰ ਸਪਲਾਈ ਫੇਸ ਨਹੀ ਦਿੱਤਾ ਗਿਆ ਹੈ ਤਾਂ ਕਪੈਸਿਟਰ ਆਨ ਨਹੀ ਹੋਣਗੇ।

ਜੇਕਰ ਇਸ ਤੋ ਬਾਦ ਵੀ ਕਪੇਸਿਟਰ ਆਨ ਨਹੀ ਹੁੰਦੇ ਤਾਂ SIGMA INDUSTRIAL CONTROL ਦੇ ਤਕਨੀਕੀ ਐਕਸਪਰਟ ਨੂੰ ਸਪੰਰਕ ਕਰੋ।

ਪ੍ਰ ਪਾਵਰ ਫੈਕਟਰ ਰਿਲੇਅ ਚਲਦੀ ਤਾਂ ਹੈ ਪਰ ਕਿਸੇ ਖਾਸ ਬੈਂਕ ਲੱਗਣ ਤੇ ਵਾਰੋ ਵਾਰੀ ਸਾਰੇ ਬੈਂਕ ਉਤਾਰ ਦਿੰਦੀ ਹੈ ਅਤੇ ਨਾ ਹੀ ਪਾਵਰ ਫੈਕਟਰ ਠੀਕ ਹੁੰਦਾ ਹੈ। ਇਹ ਲਗਾਤਾਰ ਹੀ ਹੁੰਦਾ ਰਹਿੰਦਾ ਹੈ ਕਿਉ ?

ਉ ਇਸ ਦਾ ਜਿਆਦਾ ਤਰ ਕਾਰਣ ਇਹ ਹੁੰਦਾ ਹੈ ਕਪੈਸਿਟਰ ਦਾ ਕਰਮ ਵਿੱਚ ਨਾ ਲਗਾਇਆ ਜਾਣਾ। ਉਦਾਹਰਣ ਲਈ ਕਪੈਸਿਟਰ ਬੈਂਕ 2-3-20-10-20 ਦੇ ਕਰਮ ਵਿੱਚ ਲਗੇ ਹੋਣ। ਜੈ ਸਾਨੂੰ 7KVAR ਦੀ ਲੋੜ ਹੈ ਤਾਂ ਰਿਲੇਅ ਇੱਕ ਤੋ ਬਾਦ ਦੂਜਾ ਅਤੇ ਦੂਜੇ ਤੋ ਬਾਦ ਤੀਜਾ ਬੈਂਕ ਕੁਨੇਕਟ ਕਰੇਗੀ। ਇਸ ਤਰ੍ਹਾਂ ਸਿਧਾ 2+3 ਤੋ ਬਾਅਦ 2+3+20=25KVAR ਲਗ ਜਾਵੇਗਾ ਜੋ ਕਿ ਚਾਹੀਦਾ 7KVAR ਨਾਲੋ ਕਿਤੇ ਜਿਆਦਾ ਹੈ ਇਸ ਕਰਕੇ ਰਿਲੇਅ ਸਾਰੇ ਕਪੈਸਿਟਰ ਉਤਾਰ ਦਿੰਦੀ ਹੈ ਅਤੇ ਸਾਰੇ ਬੈਂਕ ਉਤਾਰਨ ਤੋਂ ਬਾਅਦ ਫਿਰ ਬੈਂਕ ਲਗਾਉਣਾ ਸੂਰੁ ਕਰ ਦਿੰਦੀ। ਇਹ ਲਗਾਤਾਰ ਚਲਦਾ ਹੀ ਰਹੇਗਾ।
ਇਸ ਲਈ ਕਪੈਸਿਟਰ ਬੈਂਕ ਕੁਲੈਕਟ ਕਰਨ ਦਾ ਕਰਮ ਹਮੇਸ਼ਾ ਸਹੀ ਰੱਖਣਾ ਚਾਹੀਦਾ ਹੈ। ਜਿਵੇ ਕਿ 2-3-5-10-20।

ਪਾਵਰ ਫੈਕਟਰ ਰਿਲੇਅ ਕਪੈਸਿਟਰ ਆਨ-ਆਫ ਤਾ ਕਰਦੀ ਹੈ ਪਰ ਪਾਵਰ ਫੈਕਟਰ 90-95 ਤੋ ਉਪੱਰ ਨਹੀ ਜਾਂਦਾ : ਰਿਲੇਅ ਟਿਕਦੀ ਨਹੀ ?

ਜਦੋ ਲੋਡ ਜਿਆਦਾ ਬੱਦਲਦਾ ਰਹਿੰਦਾ ਹੈ ਜਾਂ ਲੋਡ ਕਈ ਵਾਰ ਆਨ-ਆਫ ਹੁੰਦਾ ਰਹਿੰਦਾ ਹੈ ਉਸ ਵਕਤ ਪਾਵਰ ਫੈਕਟਰ ਕਦੀ ਲੈਗ ਅਤੇ ਕਦੀ ਲੀਡ ਵਿੱਚ ਜਾਂਦਾ ਰਹਿੰਦਾ ਹੈ ਜਿਸ ਕਰਕੇ ਰਿਲੇਅ ਕਦੇ ਕਪੈਸਿਟਰ ਆਨ ਕਰਦੀ ਹੈ ਅਤੇ ਕਦੇ ਆਫ ਕਰਦੀ ਹੈ।

ਇਸ ਕੈਸ ਵਿੱਚ ਪਾਵਰ ਫੇਕਟਰ 99-100 ਤਾਂ ਨਹੀ ਕੀਤਾ ਜਾ ਸਕਦਾ ਪਰ ਰਿਲੇਅ ਨੂੰ ਸਤੁੰਲਤ (STABLE) ਕੀਤਾ ਜਾ ਸਕਦਾ ਹੈ। ਇਸ ਵਾਸਤੇ ਰਿਲੇਅ ਦਾ 'DEAD-BAND' ਵਧਾ ਕੇ ਦੇਖੋ। ਨਾਲ ਹੀ 'UP' ਟਾਈਮ 'Dn' ਟਾਈਮ ਵਧਾ ਕੇ ਦੇਖੋ ਇਸ ਤਰ੍ਹਾਂ ਰਿਲੇਅ ਸਟੇਬਲ ਹੋ ਜਾਵੇਗੀ।

Note ਜਲਦੀ ਬਦਲ ਰਹੇ ਲੋਡ ਜਾਂ 'UNBALANCE' ਲੋਡ ਵਾਸਤੇ SIGMA ਦੇ 'SOLID STATE PANEL' ਹੁਦੇ ਹਨ। ਜੋ ਕਿ ਇਸ ਵਿੱਚ ਬਹੁਤ ਮੱਦਦਗਾਰ ਹਨ। ਇਸ ਬਾਰੇ ਹੋਰ ਜਾਣਕਾਰੀ ਲਈ ਸਾਡੇ ਦਫਤਰ ਤੋਂ ਪਤਾ ਕਰੋ।

ਪ CMX815 ਪਾਵਰ ਫੈਕਟਰ ਰਿਲੇਅ ਵਿਚ ਪਾਵਰ ਫੈਕਟਰ ਦੀ ਸਕ੍ਰੀਨ (WINDOW) ਦੇ ਉਪਰ '_ _ _' ਆਉਦਾ ਹੈ ਅਤੇ ਕਈ ਵਾਰ Decimal ਵਾਲਾ ਬਿੰਦੂ ਝਮਕਣ (BLINK) ਲਗਦਾ ਹੈ ?

ਉ ਪਾਵਰ ਫੈਕਟਰ ਵਿਚ (ਡੈਸ ਡੈਸ ਡੈਸ) ('_ _ _') ਉਸ ਵਕਤ ਆਉਦਾ ਹੈ ਜਦੋਂ ਕੋਈ ਲੋਡ ਨਾਂ ਚਲਦਾ ਹੋਵੇ ਤਾਂ ਰਿਲੇਅ ਸਾਰੇ ਬੈਂਕ ਵਾਰੋ ਵਾਰੀ ਉਤਾਰ ਦਿੰਦੀ ਹੈ ਪਰੰਤੂ ਜੇ ਲੋਡ ਚਲ ਰਿਹਾ ਹੋਵੇ ਤਾਂ CT ਦੀ ਤਾਰ ('BREAK') ਟੁੱਟੀ ਹੋ ਸਕਦੀ ਹੈ ਜਾਂ CT ਵੀ ਖਰਾਬ ਹੋ ਸਕਦਾ ਹੈ।

ਪਾਵਰ ਫੈਕਟਰ ਵਾਲੀ ਬਿੰਦੀ ਉਸ ਵੇਲੇ ਜਲਦੀ ਹੈ ਜਦੋਂ ਪਾਵਰ ਫੈਕਟਰ ਇਕ ਹੁੰਦਾ ਹੈ ਜਾਂ KVAR ਦੀ READING ਤਕਰੀਬਨ ਜੀਰੋ ਹੁੰਦੀ ਹੈ।

RELAY UCX615 ਵਿਚ ਪਾਵਰ ਫੈਕਟਰ ਵਿੰਡੋ ਦੇ ਦੋ ਅੱਖਰਾਂ ਵਿੱਚ '_ _' (ਡੈਸ਼ ਡੈਸ਼) ਹੋ ਜਾਂਦਾ ਹੈ ਜਦੋ ਚਲਦਾ ਲੋਡ ਸੈਟ ਲੋਡ ਤੋਂ ਘੱਟ ਹੋਵੇ ਜਾਂ CT ਦੀ ਤਾਰ ਟੁੱਟੀ ਹੋਵੇ ਜਾਂ ਫਿਰ CT ਹੀ ਖਰਾਬ ਹੋਵੇ।

ਇਸ ਵਿੱਚ ਪਾਵਰ ਫੈਕਟਰ ਦੇ ਸੱਜੇ ਅੱਖਰ ਵਿਚ DECIMAL ਝਮਕਦਾ (BLINK) ਹੈ ਜਦੋ KVAR ਦੀ READING ਸੈਟ KVAR ਤੋ ਘੱਟ ਹੋਵੇ।

Note SIGMA ਦੇ ਨਵੇ ਰੀਲੇਅ ਮਾਡਲ UCX615 ਅਤੇ CMX815 ਵਿੱਚ ਘੱਟੋਘੱਟ 10% ਲੋਡ (LOAD) ਚਲਣ ਤੇ CT ਦੀ POLARITY CHECK ਹੁੰਦੀ ਰਹਿੰਦੀ ਹੈ ਅਤੇ ਰਿਲੇਅ ਆਪ ਹੀ CT ਦੀ POLARITY ਸਹੀ ਕਰ ਦਿੰਦੀ ਹੈ, ਮਤਲਬ ਰੀਲਅ CT AUTOMATICALLY ਸਹੀ ਕਰ ਦਿੰਦੀ ਹੈ।

ਹੋਰ ਜਾਣਕਾਰੀ ਲਈ ਹੇਠ ਲਿਖੇ ਪਤੇ ਅਤੇ ਨੰਬਰਾਂ ਤੇ ਸਪੰਰਕ ਕਰੋ :

**ਸਿਗਮਾ ਇੰਡਸਟ੍ਰੀਅਲ ਕੰਟੋਰਲ**
ਨਿਉ ਮਾਡਲ ਟਾਉਨ, ਸਾਹਨੇਵਾਲ,
ਲੁਧਿਆਣਾ - 141 120 (ਪੰਜਾਬ)।
ਫੋਨ : 0161-6535286
ਮੋਬਾਈਲ : 98142-45986, 98885-20986
ਈਮੇਲ : sigmacontrols@yahoo.com
ਵੈਬ ਸਾਈਟ : www.sigmaic.com

**ਸਿਗਮਾ ਇਲੈਕ ਕੰਟੋਰਲ**
ਸ਼ੋਪ ਨੰ 1, ਜੁਕੋ ਕੰਪਲੈਕਸ,
ਵਿਸ਼ਵਕਰਮਾ ਚੋਕ, ਲੁਧਿਆਣਾ - 141 003 (ਪੰਜਾਬ)।
ਮੋਬਾਈਲ : 98554-45986